PUNJABI

# ਐਨ ਐਚ ਐੱਸ (ਕੌਮੀ ਸਿਹਤ ਸੇਵਾ) ਨੂੰ ਆਜ਼ਾਦ ਕਰਨਾ:

# ਨਤੀਜਿਆਂ ਵਿਚ ਲੁਕ-ਲੁਕੋਅ ਨਾ ਰੱਖਣਾ - ਕੰਮ ਦਾ ਢਾਂਚਾ

# ਐਨ ਐਚ ਐੱਸ ਲਈ

## ਸੁਝਾਵਾਂ ਬਾਰੇ ਸਲਾਹ ਮਸ਼ਵਰਾ ਲੈਣਾ

ਪਿਛਲੇ 10 ਸਾਲਾਂ ਤੋਂ, ਸਾਡੇ ਡਾਕਟਰਾਂ ਅਤੇ ਨਰਸਾਂ ਤੋਂ ਸਰਕਾਰ ਵਲੋਂ ਮਿੱਥੇ ਨਿਸ਼ਾਨੇ ਜ਼ਬਰਦਸਤੀ ਪੂਰੇ ਕਰਵਾਏ ਜਾਂਦੇ ਰਹੇ ਹਨ, ਜਿਹਨਾਂ ਨਾਲ ਅਕਸਰ ਮਰੀਜ਼ਾਂ ਦੀ ਸਿਹਤ ਵਿਚ ਸੁਧਾਰ ਨਹੀਂ ਹੁੰਦਾ ਸੀ। ਅਸੀਂ ਐਨ ਐਚ ਐੱਸ ਨੂੰ ਇਸ ਢੰਗ ਨਾਲ ਆਜ਼ਾਦ ਕਰਨਾ ਚਾਹੁੰਦੇ ਹਾਂ ਕਿ ਉਹ ਅਜਿਹੇ ਕੰਮ ਕਰ ਸਕੇ ਜਿਹਨਾਂ ਦਾ ਸਿੱਧਾ ਸੰਬੰਧ ਮਰੀਜ਼ਾਂ ਅਤੇ ਇਲਾਜ ਕਰਨ ਵਾਲਿਆਂ ਨਾਲ ਹੋਵੇ – ਯਾਨੀ ਕਿ ਇਲਾਜ ਅਤੇ ਦੇਖਭਾਲ ਨਾਲ ਮਰੀਜ਼ ਦੀ ਸਿਹਤ ਨੂੰ ਸੱਚਮੁਚ ਕੀ ਲਾਭ ਹੁੰਦਾ ਹੋਵੇ। ਅਸੀਂ ਅਜਿਹੀ ਐਨ ਐਚ ਐੱਸ ਤਿਆਰ ਕਰਨਾ ਚਾਹੁੰਦੇ ਹਾਂ ਜੋ ਬਿਨਾਂ ਕਿਸੇ ਲੁਕ-ਲੁਕੋਅ ਤੋਂ ਦੱਸੇ ਕਿ ਉਹ ਮਰੀਜ਼ਾਂ ਲਈ ਕੀ ਕਰ ਰਹੀ ਹੈ।

### ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦਾ ਢਾਂਚਾ ਕੀ ਕਰੇਗਾ?

- ਇਹ ਢਾਂਚਾ ਮਰੀਜ਼ਾਂ, ਆਮ ਲੋਕਾਂ ਅਤੇ ਪਾਰਲੀਮੈਂਟ ਦੀ ਇਹ ਸਮਝਣ ਵਿਚ ਮਦਦ ਕਰੇਗਾ ਕਿ ਜਿਹਨਾਂ ਮਰੀਜ਼ਾਂ ਦਾ ਇਹ ਇਲਾਜ ਅਤੇ ਦੇਖਭਾਲ ਕਰਦੀ ਹੈ ਉਹਨਾਂ ਦੀ ਸਮੁੱਚੀ ਸਿਹਤ ਵਿਚ ਇਹ ਕਿੰਨੀ ਕੁ ਚੰਗੀ ਤਰ੍ਹਾਂ ਸੁਧਾਰ ਕਰ ਰਹੀ ਹੈ।
- ਇਹਦੇ ਨਾਲ ਸੈਕ੍ਰੇਟਰੀ ਆੱਫ਼ ਸਟੇਟ ਫ਼ਾਰ ਹੈਲਥ (ਸਿਹਤ ਮੰਤ੍ਰੀ) ਨਵੇਂ ਐਨ ਐਚ ਐੱਸ ਕਮਿਸ਼ਨਿੰਗ ਬੋਰਡ ਤੋਂ ਜਵਾਬ ਮੰਗ ਸਕੇਗਾ ਕਿ ਉਹ ਮਰੀਜ਼ਾਂ ਦੀ ਸਿਹਤ ਵਿਚ ਕੀ ਸੁਧਾਰ ਕਰ ਰਿਹਾ ਹੈ। ਇਹ ਨਵਾਂ ਬੋਰਡ ਸਰਕਾਰ ਤੋਂ ਸੁਤੰਤਰ ਹੋਏਗਾ ਅਤੇ ਇਹਦੀ ਜ਼ਿੰਮੇਦਰੀ ਜੀ ਪੀ ਡਾਕਟਰਾਂ ਨੂੰ ਲੱਗਭਗ £80 ਬਿਲੀਅਨ (800 ਕਰੋੜ ਪੌਂਡਾਂ) ਦਾ ਬੱਜਟ ਦੇਣਾ ਹੋਏਗਾ, ਜਿਹੜੇ ਅੱਗੋਂ ਆਪਣੇ ਇਲਾਕੇ ਦੇ ਲੋਕਾਂ ਲਈ ਸਿਹਤ ਸੇਵਾਵਾਂ ਖ਼ਰੀਦਣਗੇ।
- ਲੁਕ-ਲੁਕੋਅ ਘਟ ਜਾਣ ਨਾਲ, ਮਰੀਜ਼ਾਂ ਨੂੰ ਇਲਾਜ ਅਤੇ ਦੇਖਭਾਲ ਨਾਲ ਮਿਲਣ ਵਾਲੇ ਫ਼ਾਇਦਿਆਂ – ਯਾਨੀ ਕਿ ਸਿਹਤ ਬਾਰੇ ਨਤੀਜਿਆਂ ਵਿਚ – ਚੰਗਾ ਵਾਧਾ ਹੋਏਗਾ।

### ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦੇ ਢਾਂਚੇ ਵਿਚ ਕੀ ਕੁਝ ਸ਼ਾਮਿਲ ਕੀਤਾ ਜਾਏਗਾ?

ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦੇ ਜਿਸ ਢਾਂਚੇ ਦਾ ਸੁਝਾਓ ਦਿੱਤਾ ਜਾ ਰਿਹਾ ਹੈ ਉਸ ਵਿਚ ਉੱਚੇ ਪੱਧਰ ਦੇ ਨਤੀਜਿਆਂ ਦੇ ਪੰਜ ਖੇਤਰ ਹੋਣਗੇ। ਮੰਤਵ ਇਹ ਹੈ ਕਿ ਇਹਨਾਂ ਵਿਚ ਐਨ ਐਚ ਐੱਸ ਦੇ ਸਭ ਕੰਮ ਸ਼ਾਮਿਲ ਕਰ ਲਏ ਜਾਣ। ਨਤੀਜਿਆਂ ਦੇ ਪੰਜ ਖੇਤਰ ਇਹ ਹਨ:

| | |
|---|---|
| • ਲੋਕਾਂ ਦਾ ਸਮੇਂ ਤੋਂ ਪਹਿਲਾਂ ਮਰਨਾ ਰੋਕਣਾ<br>• ਲੰਮੇ ਸਮੇਂ ਦੇ ਰੋਗਾਂ ਵਾਲੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ<br>• ਸੱਟ ਚੋਟ ਤੋਂ ਬਾਅਦ ਹੋਣ ਵਾਲੀਆਂ ਸਿਹਤ ਦੀ ਖ਼ਰਾਬੀਆਂ ਤੋਂ ਠੀਕ ਹੋਣ ਵਿਚ ਲੋਕਾਂ ਦੀ ਮਦਦ ਕਰਨਾ | **ਅਸਰਦਾਈ** |
| • ਇਹ ਯਕੀਨੀ ਬਣਾਉਣਾ ਕਿ ਸਿਹਤ ਦੀ ਦੇਖਭਾਲ ਬਾਰੇ ਲੋਕਾਂ ਦਾ ਤਜਰਬਾ ਸੁਖਦਾਈ ਹੋਵੇ | **ਮਰੀਜ਼ਾਂ ਦਾ ਤਜਰਬਾ** |
| • ਲੋਕਾਂ ਦਾ ਇਲਾਜ ਅਤੇ ਦੇਖਭਾਲ ਸੁਰੱਖਿਅਤ ਮਾਹੌਲ ਵਿਚ ਕਰਨਾ ਅਤੇ ਟਾਲੇ ਜਾ ਸਕਣ ਵਾਲੇ ਨੁਕਸਾਨ ਤੋਂ ਉਹਨਾਂ ਨੂੰ ਬਚਾਉਣਾ | **ਸੁਰੱਖਿਆ** |

ਇਹਨਾਂ ਵਿਚੋਂ ਹਰ ਖੇਤਰ ਵਿਚ ਇਹ ਕੁਝ ਸ਼ਾਮਿਲ ਹੋਏਗਾ:

- **ਨਤੀਜਿਆਂ ਨੂੰ ਦਰਸਾਉਣ ਵਾਲਾ ਇਕ ਸਮੁੱਚਾ ਸੂਚਕ** (ਜਾਂ ਸੂਚਕਾਂ ਦਾ ਸੈੱਟ) ਜਿਹਦੇ ਰਾਹੀਂ ਉਸ ਖੇਤਰ ਵਿਚ ਐਨ ਐਚ ਐੱਸ ਦੇ ਸਭ ਕੰਮਾਂ ਵਿਚ ਹੋਈ ਪ੍ਰਗਤੀ ਨੂੰ ਨਾਪਿਆ ਜਾ ਸਕੇ
- **ਖ਼ਾਸ ਸੁਧਾਰ ਕਰਨ ਲਈ ਕੁਝ ਖੇਤਰ,** ਜਿਹਨਾਂ ਬਾਰੇ ਸਬੂਤ ਮਿਲਦਾ ਹੈ ਕਿ ਉਹਨਾਂ ਵਿਚ ਉਹ ਸੁਧਾਰ ਕੀਤੇ ਜਾ ਸਕਦੇ ਹਨ ਜੋ ਮਰੀਜ਼ਾਂ ਦੀ ਸਿਹਤ ਲਈ ਖ਼ਾਸ ਤੌਰ 'ਤੇ ਜ਼ਰੂਰੀ ਸਮਝੇ ਜਾਂਦੇ ਹਨ
- **ਵਧੀਆ ਮਿਆਰਾਂ ਦਾ ਸਮਰਥਨ ਕਰਨਾ,** ਜੋ ਸਿਹਤ ਦੀ ਵੱਧ ਚੰਗੀ ਦੇਖਭਾਲ ਲਈ ਨੈਸ਼ਨਲ ਇੰਸਟੀਚਿਊਟ ਫ਼ਾੱਰ ਹੈਲਥ ਐਂਡ ਕਲਿਨਿਕਲ ਐਕਸੈਲੈਂਸ (NICE) ਨੇ ਮਰੀਜ਼ਾਂ, ਇਲਾਜ ਕਰਨ ਵਾਲਿਆਂ ਅਤੇ ਕਮਿਸ਼ਨਰਾਂ ਲਈ ਤਿਆਰ ਕੀਤੇ ਹਨ।

ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦੇ ਢਾਂਚੇ ਦਾ ਆਧਾਰ ਹੇਠ ਲਿਖੇ ਅਸੂਲ ਹੋਣਗੇ:

- **ਜਵਾਬਦੇਹੀ ਅਤੇ ਲੁਕ-ਲੁਕੋਅ ਨਾ ਰੱਖਣਾ**
- **ਸੰਤੁਲਨ -** ਉਹ ਨਤੀਜੇ ਚੁਣੇ ਜਾਣਗੇ ਜੋ ਪੂਰੀ ਐਨ ਐਚ ਐੱਸ 'ਤੇ ਲਾਗੂ ਹੋ ਸਕਣ
- **ਕੌਮਾਂਤਰੀ -** ਤਾਕਿ ਐਨ ਐਚ ਐੱਸ ਦੀ ਤੁਲਨਾ ਹੋਰ ਦੇਸ਼ਾਂ ਨਾਲ ਕੀਤੀ ਜਾ ਸਕੇ
- **ਪੂਰਾ ਧਿਆਨ ਉਹਨਾਂ ਕੰਮਾਂ ਵਾਲ ਦੇਣਾ ਜੋ ਮਰੀਜ਼ਾਂ ਅਤੇ ਇਲਾਜ ਕਰਨ ਵਾਲਿਆਂ ਲਈ ਅਹਿਮ ਹਨ**
- **ਉੱਤਮਤਾ ਅਤੇ ਬਰਾਬਰੀ ਨੂੰ ਉਤਸ਼ਾਹ ਦੇਣਾ**
- **ਜ਼ਿਆਦਾ ਧਿਆਨ ਉਹਨਾਂ ਨਤੀਜਿਆਂ ਵਲ ਦੇਣਾ ਜਿਹਨਾਂ 'ਤੇ ਐਨ ਐਚ ਐੱਸ ਅਸਰ ਪਾ ਸਕਦੀ ਹੈ, ਪਰ ਲੋੜ ਪੈਣ 'ਤੇ ਹੋਰ ਪਬਲਿਕ ਸੇਵਾਵਾਂ ਦੇ ਸਹਿਯੋਗ ਨਾਲ ਵੀ ਕੰਮ ਕਰਨਾ -** ਐਨ ਐਚ ਐੱਸ ਦੇ ਕੰਮਾਂ ਨਤੀਜਿਆਂ ਦੇ ਢਾਂਚੇ ਵਿਚ ਇਹ ਸਪਸ਼ਟ ਕੀਤਾ ਜਾਏਗਾ ਕਿੱਥੇ ਨਤੀਜਿਆਂ ਲਈ ਕੰਮ ਕਰਨ ਦੀ ਜ਼ਿੰਮੇਦਾਰੀ ਪਬਲਿਕ ਸਿਹਤ ਸੇਵਾਵਾਂ ਜਾਂ ਸਮਾਜਕ ਦੇਖਭਾਲ ਸੇਵਾਵਾਂ ਦੀ ਹੈ
- **ਸਮਾਂ ਬੀਤਣ ਨਾਲ ਪ੍ਰਗਤੀ ਕਰਨਾ -** ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦੇ ਢਾਂਚੇ ਦਾ ਆਧਾਰ ਉਹ ਗੱਲਾਂ ਹਨ ਜਿਹਨਾਂ ਨੂੰ ਅਸੀਂ ਇਸ ਵੇਲੇ ਨਾਪ ਸਕਦੇ ਹਾਂ, ਪਰ ਆਉਣ ਵਾਲੇ ਸਾਲਾਂ ਵਿਚ ਇਹਨਾਂ ਨੂੰ ਨਵਾਂ ਰੂਪ ਦਿੱਤਾ ਜਾਏਗਾ।

**ਇਹਦੇ ਬਾਰੇ ਅਸੀਂ ਲੋਕਾਂ ਨਾਲ ਸਲਾਹ ਮਸ਼ਵਰਾ ਕਿਉਂ ਕਰ ਰਹੇ ਹਾਂ?**
ਐਨ ਐਚ ਐੱਸ ਦੇ ਕੰਮਾਂ ਦੇ ਨਤੀਜਿਆਂ ਦਾ ਢਾਂਚਾ ਤਿਆਰ ਕਰਨ ਲਈ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਤੁਹਾਡੇ ਲਈ ਕਿਹੜੀਆਂ ਗੱਲਾਂ ਅਹਿਮ ਹਨ ਤਾਂਕਿ ਇਹ ਢਾਂਚਾ ਜਿੱਥੋਂ ਤਕ ਹੋ ਸਕੇ ਯਕੀਨੀ ਤੌਰ 'ਤੇ ਵੱਧ ਤੋਂ ਵੱਧ ਚੰਗਾ ਹੋਵੇ। ਸਲਾਹ ਮਸ਼ਵਰਾ ਕਰਨ ਵਾਲਾ ਦਸਤਾਵੇਜ਼ ਇਸ ਵੈੱਬਸਾਈਟ 'ਤੇ ਪੜ੍ਹਿਆ ਅਤੇ ਇੱਥੋਂ ਉਤਾਰਿਆ ਜਾ ਸਕਦਾ ਹੈ - www.dh.gov.uk/liberatingtheNHS

**ਇਸ ਕੰਮ ਵਿਚ ਤੁਸੀਂ ਕਿਵੇਂ ਸ਼ਾਮਿਲ ਹੋ ਸਕਦੇ ਹੋ?**
ਇਸ ਸਲਾਹ ਮਸ਼ਵਰੇ ਦਾ ਜਵਾਬ ਤੁਸੀਂ ਇਹਨਾਂ ਵਿਚੋਂ ਕਿਸੇ ਢੰਗ ਨਾਲ ਦੇ ਸਕਦੇ ਹੋ:

- ਐਨ ਐਚ ਐੱਸ ਦੇ ਸਟਾਫ਼ ਅਤੇ ਮਰੀਜ਼ਾਂ ਦੀਆਂ ਇਲਾਕਾਈ ਮੀਟਿੰਗਾਂ ਵਿਚੋਂ ਕਿਸੇ ਵਿਚ ਆ ਕੇ - ਇਹ ਮੀਟਿੰਗਾਂ ਪੂਰੇ ਦੇਸ਼ ਵਿਚ ਰੱਖੀਆਂ ਜਾਣਗੀਆਂ, ਅਤੇ ਇਹਨਾਂ ਬਾਰੇ ਜਾਣਕਾਰੀ ਛੇਤੀ ਹੀ ਡਿਪਾਰਟਮੈਂਟ ਆੱਫ਼ ਹੈਲਥ (DH) ਦੀ ਵੈੱਬਸਾਈਟ 'ਤੇ ਦਿੱਤੀ ਜਾਏਗੀ; ਜਾਂ
- ਇਸ ਦਸਤਾਵੇਜ਼ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਉਸ ਢਾਂਚੇ ਵਿਚ ਲਿਖ ਕੇ ਜੋ ਢਾਂਚਾ ਤੁਸੀਂ ਸਾਡੀ ਇਸ ਵੈੱਬਸਾਈਟ ਤੋਂ ਉਤਾਰ ਸਕਦੇ ਹੋ - www.dh.gov.uk/liberatingtheNHS ਇਹ ਜਵਾਬ ਤੁਸੀਂ 11 ਅਕਤੂਬਰ 2010 ਤਕ ਹੇਠ ਲਿਖੇ ਢੰਗਾਂ ਵਿਚੋਂ ਕਿਸੇ ਨਾਲ ਸਾਨੂੰ ਭੇਜ ਸਕਦੇ ਹੋ:

  - *ਈਮੇਲ:* nhswhitepaper@dh.gsi.gov.uk
  - *ਡਾਕ:* Consultation Responses<br>Quality and Outcomes Policy Team<br>Room 602A, Skipton House<br>80 London Road<br>London<br>SE1 6LH